# ਦਫ਼ਤਰੀ ਕਾਰਜ ਲਈ ਨੋਟਿਸ

ਨੰਬਰ- (ਈ-539042/2023) /(859454 ਭਾਗ-3)/(ਪੀ-3) ਮਿਤੀ- 25.03.2025

ਵਿਸ਼ਾ- ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਦੀਆਂ ਸਾਲ 2015 ਅਤੇ ਇਸ ਤੋਂ ਬਾਅਦ ਦੀਆਂ ਪਦ-ਉੱਨਤੀਆਂ ਦੇ ਰੀਵਿਊ ਸਬੰਧੀ।
ਇਸ ਦਫਤਰ ਦੇ ਪੱਤਰ ਨੰਬਰ (ਈ-558091/2023)/(ਪੀ-3)2023297262 ਮਿਤੀ 20.10.2023 ਅਨੁਸਾਰ ਸਿੱਖਿਆ ਵਿਭਾਗ ਵੱਲੋਂ ਸਾਲ 2015 ਅਤੇ ਉਸ ਤੋਂ ਬਾਅਦ ਹੋਈਆਂ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਦੇ ਰਿਵਿਊ ਦਾ ਫੈਸਲਾ ਲਿਆ ਗਿਆ ਸੀ। ਇਸ ਮੰਤਵ ਲਈ ਸਮੁੱਚੇ ਪ੍ਰਾਇਮਰੀ ਕਾਡਰ ਦਾ ਭਰਤੀ ਰਜਿਸਟਰ ਤਿਆਰ ਕਰਨ ਦੀ ਪ੍ਰਕਿਰਿਆ ਆਰੰਭੀ ਗਈ ਸੀ ਜਿਸ ਅਨੁਸਾਰ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ( ਐ.ਸਿ.) ਪਾਸੋਂ ਵੱਖ-ਵੱਖ ਇਸ਼ਤਿਹਾਰਾਂ ਰਾਹੀਂ ਭਰਤੀ ਹੋਏ ਪ੍ਰਾਇਮਰੀ ਅਧਿਆਪਕਾਂ ਦੇ ਵੇਰਵੇ ਮੰਗੇ ਗਏ ਸਨ ਤਾਂ ਜੋ ਭਰਤੀ ਰਜਿਸਟਰ ਨੂੰ ਮੁਕੰਮਲ ਕੀਤਾ ਜਾ ਸਕੇ।

1. ਇਸ ਪ੍ਰਕਿਰਿਆ ਅਧੀਨ ਵੱਖ-ਵੱਖ ਜ਼ਿਲ੍ਹਾ ਸਿੱਖਿਆ ਅਫਸਰਾਂ (ਐ.ਸਿ.) ਦੇ ਦਫਤਰਾਂ ਤੋਂ ਪ੍ਰਾਇਮਰੀ ਅਧਿਆਪਕਾਂ ਦੀ ਭਰਤੀ ਸਬੰਧੀ ਜੋ ਵੀ ਵੇਰਵੇ ਪ੍ਰਾਪਤ ਹੋਏ, ਉਨ੍ਹਾਂ ਦੇ ਅਧਾਰ 'ਤੇ ਮਿਤੀ 16.08.2024 ਨੂੰ ਇੱਕ ਡਰਾਫਟ ਭਰਤੀ ਰਜਿਸਟਰ ਤਿਆਰ ਕਰਕੇ ਮੂਲ ਰੂਪ ਵਿੱਚ ਵਿਭਾਗ ਦੀ ਵੈਬਸਾਈਟ ਤੇ ਅੱਪਲੋਡ ਕਰਦਿਆਂ ਸਮੂਹ ਪ੍ਰਾਇਮਰੀ ਅਧਿਆਪਕਾਂ ਅਤੇ ਸਾਲ 2015 ਜਾਂ ਇਸ ਉਪਰੰਤ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਵਿੱਚ ਪਦ-ਉੱਨਤ ਹੋਣ ਵਾਲੇ ਅਧਿਆਪਕਾਂ ਪਾਸੋਂ ਉਹਨਾਂ ਦੇ ਜ਼ਿਲ੍ਹਾ ਸਿੱਖਿਆ ਅਫਸਰਾਂ (ਐ.ਸਿ.) ਰਾਹੀਂ ਇਤਰਾਜ਼ ਮੰਗੇ ਗਏ ਸਨ। ਨਾਲ ਹੀ ਇਹ ਵੀ ਲਿਖਿਆ ਗਿਆ ਸੀ ਕਿ ਇਸ ਭਰਤੀ ਰਜਿਸਟਰ ਵਿੱਚ ਜੇਕਰ ਕਿਸੇ ਕਰਮਚਾਰੀ ਦਾ ਇੰਦਰਾਜ਼ ਹੋਣ ਤੋਂ ਰਹਿ ਗਿਆ ਹੈ ਤਾਂ ਉਹ ਵੀ ਆਪਣੇ ਵੇਰਵੇ ਆਪਣੇ ਜ਼ਿਲ੍ਹਾ ਸਿੱਖਿਆ ਅਫਸਰਾਂ (ਐ.ਸਿ.) ਰਾਹੀਂ ਭੇਜਣ।
2. ਇਸੇ ਪੱਤਰ ਦੀ ਲਗਾਤਾਰਤਾ ਵਿੱਚ ਮਿਤੀ 13-09-2024 ਨੂੰ ਇੱਕ ਵਾਰ ਫਿਰ ਬਾਕੀ ਰਹਿੰਦੇ ਜ਼ਿਲਾ ਸਿੱਖਿਆ ਅਫਸਰਾਂ (ਐ.ਸਿ.) ਨੂੰ ਇਤਰਾਜ਼ ਭੇਜਣ ਲਈ ਲਿਖਿਆ ਗਿਆ ਸੀ ਅਤੇ ਪ੍ਰਾਪਤ ਸੂਚਨਾਂ ਦੇ ਆਧਾਰ ਤੇ ਜੋ ਵੀ ਇਤਰਾਜ਼ ਪ੍ਰਾਪਤ ਹੋਏ ਉਹਨਾਂ ਦਾ ਨਿਪਟਾਰਾ ਕਰਦਿਆਂ ਭਰਤੀ ਰਜਿਸਟਰ ਅਪਡੇਟ ਕਰ ਦਿੱਤਾ ਗਿਆ ਸੀ, ਪ੍ਰੰਤੂ ਫਿਰ ਵੀ ਬਹੁਤ ਸਾਰੇ ਅਧਿਆਪਕਾਂ ਦੇ ਵੇਰਵੇ ਪ੍ਰਾਪਤ ਨਹੀਂ ਹੋਏ ਸਨ।
3. ਸਾਲ 2015 ਅਤੇ ਇਸ ਤੋਂ ਬਾਅਦ ਦੀਆਂ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਅਧੀਨ ਮਾਸਟਰ ਕਾਡਰ ਦੇ ਵੱਖ-2 ਵਿਸ਼ਿਆਂ ਵਿੱਚ ਪਦ-ਉੱਨਤ ਹੋਏ ਜਿਨ੍ਹਾਂ ਅਧਿਆਪਕਾਂ ਦੇ ਵੇਰਵੇ ਜ਼ਿਲਾ ਸਿੱਖਿਆ ਅਫਸਰਾਂ (ਐ.ਸਿ.) ਵੱਲੋਂ ਨਹੀਂ ਭੇਜੇ ਗਏ ਸਨ ਉਹਨਾਂ ਦੇ ਵੇਰਵੇ ਐਮ.ਆਈ. ਐਸ ਵਿੰਗ ਤੋਂ ਅਤੇ ਪੁਰਾਣੇ ਦਫ਼ਤਰੀ ਰਿਕਾਰਡ ਤੋਂ ਪ੍ਰਾਪਤ ਕੀਤੇ ਗਏ। ਇਸ ਤਰਾਂ ਸਾਲ 2015 ਅਤੇ ਇਸ ਤੋਂ ਮਗਰੋਂ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਵਿੱਚ ਪ੍ਰਮੋਟ ਹੋਏ ਜਿੰਨੇ ਵੀ ਅਧਿਆਪਕਾਂ ਦੇ ਵੇਰਵੇ ਪ੍ਰਾਪਤ ਹੋਏ, ਉਹਨਾਂ ਦੀ ਬੈਚਵਾਈਜ ਮੈਰਿਟ ਦੇ ਆਧਾਰ ਤੇ ਇੱਕ ਇੰਟਰਸੇ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ।
4. ਇਸ ਦਫਤਰ ਦੇ ਪਬਲਿਕ ਨੋਟਿਸ ਨੰਬਰ (ਈ-539042/2023)/(ਪੀ-3) ਮਿਤੀ 20.09.2024 ਅਨੁਸਾਰ ਸਾਲ 2015 ਅਤੇ ਇਸ ਤੋਂ ਬਾਅਦ ਹੋਈਆਂ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਦੀਆਂ ਪਦ- ਉੱਨਤੀਆਂ ਵਿੱਚ ਬੈਚ ਵਾਈਜ਼ ਮੈਰਿਟ ਅਨੁਸਾਰ ਆਪਣੇ ਤੋਂ ਜੂਨੀਅਰ ਕਰਮਚਾਰੀਆਂ ਦੀ ਪ੍ਰਮੋਸ਼ਨ ਦੀ ਮਿਤੀ ਤੋਂ ਪਦ-ਉੱਨਤੀ ਕਲੇਮ ਕਰਨ ਵਾਲੇ ਦਾਅਵੇਦਾਰਾਂ ਤੋਂ ਮਿਤੀ 24.09.2024 ਤੋਂ ਮਿਤੀ 27.09.2024 ਤੱਕ ਕੇਸ ਮੰਗੇ ਗਏ ਸਨ।
5. ਇਹਨਾਂ ਸਾਰੇ ਪ੍ਰਾਪਤ ਕੇਸਾਂ ਦੀ ਪੜਤਾਲ ਕਰਨ ਉਪਰੰਤ ਸਾਲ 2015 ਅਤੇ ਉਸ ਤੋਂ ਬਾਅਦ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਵਿੱਚ ਪਦ- ਉੱਨਤ ਹੋਏ ਅਤੇ ਪਬਲਿਕ ਨੋਟਿਸ (ਈ-539042/2023)/(ਪੀ-3) ਮਿਤੀ 20.09.2024 ਅਧੀਨ ਪ੍ਰਾਪਤ ਹੋਏ ਦਾਅਵੇਦਾਰਾਂ (ਪਟੀਸ਼ਨਰਾਂ ਅਤੇ ਨਾਨ- ਪਟੀਸ਼ਨਰਾਂ) ਦੇ ਕੇਸਾਂ ਦੀ ਸਾਂਝੀ ਇੰਟਰ-ਸੇ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ। ਇਸੇ ਇੰਟਰ-ਸੇ ਸੀਨਿਆਰਤਾ ਸੂਚੀ ਦੇ ਆਧਾਰ 'ਤੇ ਮਿਤੀ 22.11.2024 ਨੂੰ ਹੁਕਮ ਨੰਬਰ (ਈ-539042/2023)/(ਪੀ-3)/2024300866 ਅਨੁਸਾਰ ਵੱਖ-ਵੱਖ ਵਿਸ਼ਿਆਂ ਵਿੱਚ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਵਿੱਚ ਪਦ- ਉੱਨਤੀ ਦੇ ਹੁਕਮ ਜਾਰੀ ਕੀਤੇ ਗਏ ਸਨ, ਜਿਸ ਅਧੀਨ ਪਦ-ਉੱਨਤ ਹੋਏ ਬਹੁਤ ਸਾਰੇ ਕਰਮਚਾਰੀ ਮਾਸਟਰ ਕਾਡਰ ਵਿੱਚ ਹੁਣ ਤੱਕ ਜੁਆਇਨ ਕਰ ਚੁੱਕੇ ਹਨ।

6. ਪ੍ਰੰਤੂ ਮਿਤੀ 22.11.2024 ਨੂੰ ਜਾਰੀ ਪਦ-ਉੱਨਤੀ ਦੇ ਹੁਕਮਾਂ ਦੇ ਜਾਰੀ ਹੋਣ ਉਪਰੰਤ ਵੱਖ-ਵੱਖ ਵਿਸ਼ਿਆਂ ਵਿੱਚ ਅਨੇਕਾਂ ਹੋਰ ਅਧਿਆਪਕਾਂ ਦੇ ਕੇਸ ਪ੍ਰਾਪਤ ਹੋਏ ਹਨ। ਇਹਨਾਂ ਸਾਰੇ ਨਵੇਂ ਦਾਅਵੇਦਾਰਾਂ ਦੇ ਕੇਸ ਪਹਿਲਾਂ ਤਿਆਰ ਕੀਤੀ ਇੰਟਰ-ਸੇ ਸੀਨੀਆਰਤਾ ਸੂਚੀ ਵਿੱਚ ਸ਼ਾਮਿਲ ਕਰਦਿਆਂ ਹੁਣ ਰਿਵਾਈਜ਼ਡ ਇੰਟਰਸੇ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ। ਇਹ ਇੰਟਰਸੇ ਸੀਨੀਆਰਤਾ ਸੂਚੀ ਬੈਚ-ਵਾਈਜ਼ ਮੈਰਿਟ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ। ਇੱਕ ਹੀ ਇਸ਼ਤਿਹਾਰ ਅਧੀਨ ਭਰਤੀ ਹੋਏ ਸਮੂਹ ਕਰਮਚਾਰੀਆਂ ਨੂੰ ਇੱਕ ਹੀ ਬੈਚ ਮੰਨਿਆ ਗਿਆ ਹੈ।

7. ਜ਼ਿਲ੍ਹਾ ਪਰਿਸ਼ਦ ਅਧਿਆਪਕਾਂ ਦੀ ਮੁਢਲੀ ਭਰਤੀ ਤਿੰਨ ਵੱਖ ਵੱਖ ਇਸ਼ਤਿਹਾਰਾਂ ਅਧੀਨ ਹੋਣ ਕਾਰਨ ਉਹਨਾਂ ਦੀ ਇੰਟਰਸੇ ਸੀਨੀਆਰਤਾ ਵੀ ਤਿੰਨ ਵੱਖ-ਵੱਖ ਬੈਚਾਂ ਵਿੱਚ ਤਿਆਰ ਕੀਤੀ ਗਈ ਹੈ। ਦਫ਼ਤਰ ਡਾਇਰੈਕਟਰ, ਸਕੂਲ ਸਿੱਖਿਆ ਵਿਭਾਗ (ਐਸਿ) ਪੰਜਾਬ ਦੇ ਪੱਤਰ / ਮਿਤੀ 15.01.2019 ਦੀ ਰੌਸ਼ਨੀ ਵਿੱਚ, ਸਾਲ 2011 ਦੌਰਾਨ ਸਿੱਖਿਆ ਵਿਭਾਗ (ਸਕੂਲਜ) ਪੰਜਾਬ ਵਿੱਚ ਹਾਜਰ ਹੋਣ ਵਾਲੇ ਅਧਿਆਪਕਾਂ ਨੂੰ 2014 ਵਿੱਚ ਮਰਜ ਹੋਣ ਵਾਲੇ ਅਧਿਆਪਕਾਂ ਨਾਲੋਂ ਉੱਪਰ ਸੀਨੀਅਰਤਾ ਦਿੱਤੀ ਗਈ ਹੈ।

8. ਇਥੇ ਇਹ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ ਕਿ ਜੇਕਰ ਮਿਤੀ 22.11.2024 ਨੂੰ ਪਦ-ਉੱਨਤ ਹੋਏ ਕਰਮਚਾਰੀਆਂ ਜਾਂ ਉਹਨਾਂ ਦੇ ਕਿਸੇ ਜੂਨੀਅਰ ਦੇ ਵੇਰਵਿਆਂ ਵਿੱਚ ਕੋਈ ਅਜਿਹਾ ਇਤਰਾਜ਼ ਪ੍ਰਾਪਤ ਹੁੰਦਾ ਹੈ ਜਿਸ ਕਾਰਨ ਮਿਤੀ 22.11.2024 ਨੂੰ ਪਦ-ਉੱਨਤ ਹੋਏ ਕਿਸੇ ਕਰਮਚਾਰੀ ਦੀ ਪਦ-ਉੱਨਤੀ ਨੂੰ ਰੱਦ ਕਰਨਾ ਪੈਂਦਾ ਹੈ, ਤਾਂ ਮਿਤੀ 22.11.2024 ਨੂੰ ਜਾਰੀ ਹੁਕਮਾਂ ਦੀ ਸ਼ਰਤ ਨੰਬਰ 5 ਅਨੁਸਾਰ ਅਜਿਹੇ ਕਰਮਚਾਰੀ ਦੇ ਪਦ-ਉੱਨਤੀ ਦੇ ਹੁਕਮ ਰੱਦ ਕਰ ਦਿੱਤੇ ਜਾਣਗੇ।

9. ਇਸੇ ਪ੍ਰਕਾਰ ਨਵੇਂ ਪ੍ਰਾਪਤ ਹੋਏ ਕੇਸਾਂ ਦੇ ਨਿਪਟਾਰੇ ਦੌਰਾਨ ਕਿਸੇ ਵੀ ਵਿਸ਼ੇ ਵਿੱਚ ਮਿਤੀ 22.11.2024 ਨੂੰ ਪਦ-ਉੱਨਤ ਹੋਏ ਅਤੇ ਹੁਣ ਪ੍ਰਾਪਤ ਹੋਏ ਨਵੇਂ ਕੇਸਾਂ ਵਿੱਚੋਂ ਪਦ-ਉੱਨਤ ਹੋਣ ਵਾਲੇ ਕਰਮਚਾਰੀਆਂ ਦੀ ਕੁੱਲ ਗਿਣਤੀ ਜੇਕਰ ਸਬੰਧਤ ਵਿਸ਼ੇ ਵਿੱਚ ਪ੍ਰਮੋਸ਼ਨ ਕੋਟੇ ਦੀਆਂ ਉਪਲਬਧ ਅਸਾਮੀਆਂ ਨਾਲੋਂ ਵੱਧ ਜਾਂਦੀ ਹੈ ਅਰਥਾਤ ਨਵੇਂ ਸੀਨੀਅਰ ਦਾਅਵੇਦਾਰਾਂ ਦੇ ਕੇਸ ਪ੍ਰਾਪਤ ਹੋਣ ਕਾਰਨ ਜੇਕਰ 22.11.2024 ਨੂੰ ਪਦ-ਉੱਨਤ ਹੋਏ ਕਿਸੇ ਕਰਮਚਾਰੀ ਦਾ ਕੇਸ ਪਦ-ਉੱਨਤ ਲਈ ਅਯੋਗ ਹੋ ਜਾਂਦਾ ਹੈ ਤਾਂ ਮਿਤੀ 22.11.2024 ਨੂੰ ਜਾਰੀ ਹੁਕਮਾਂ ਦੀ ਸ਼ਰਤ ਨੰਬਰ 9 ਅਨੁਸਾਰ ਅਜਿਹੇ ਜੂਨੀਅਰ ਕਰਮਚਾਰੀ ਦੇ ਪਦ-ਉੱਨਤੀ ਦੇ ਹੁਕਮ ਰੱਦ ਕਰਦਿਆਂ ਉਸਨੂੰ ਰਿਵਰਟ ਕਰ ਦਿੱਤਾ ਜਾਵੇਗਾ।

10. ਉਕਤ ਤੋਂ ਇਲਾਵਾ ਮਿਤੀ 22.11.2024 ਦੇ ਹੁਕਮ ਜਾਰੀ ਹੋਣ ਉਪਰੰਤ ਦਫ਼ਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਇਸ ਸੂਚੀ ਵਿੱਚ ਵੱਖ-2 ਵਿਸ਼ਿਆਂ ਦੇ ਕਈ ਕਰਮਚਾਰੀ, ਜਿੰਨਾਂ ਨੂੰ ਪਹਿਲਾਂ ਹੀ ਸਾਲ 2021 ਤੋਂ ਪਹਿਲਾਂ ਪਦ-ਉੱਨਤੀ ਦੇ ਹੁਕਮ ਜਾਰੀ ਕੀਤੇ ਜਾ ਚੁੱਕੇ ਸਨ, ਉਨਾਂ ਨੇ ਅਲਾਟ ਸਟੇਸ਼ਨਾਂ ਤੇ ਹਾਜਰੀ ਨਹੀਂ ਦਿੱਤੀ ਅਤੇ ਮੁੜ ਇਸ ਰੀਵਿਊ ਅਧੀਨ ਪਦ-ਉੱਨਤ ਹੋ ਗਏ ਹਨ। ਅਜਿਹੇ ਕਰਮਚਾਰੀਆਂ ਦੇ ਕੇਸ ਉਨਾਂ ਦੀ ਬਣਦੀ ਮਿਤੀ ਅਨੁਸਾਰ / ਭਵਿੱਖ ਵਿੱਚ ਹੋਣ ਵਾਲੀਆਂ ਜਨਰਲ ਪਦ-ਉੱਨਤੀਆਂ ਅਧੀਨ ਵਿਚਾਰੇ ਜਾਣ ਸਬੰਧੀ ਵੱਖਰੇ ਤੌਰ ਤੇ ਕਾਰਵਾਈ ਚਲ ਰਹੀ ਹੈ।

11. **ਰਿਵਾਈਜ਼ਡ ਇੰਟਰਸੇ ਸੀਨੀਆਰਤਾ ਸੂਚੀ ਦੇ ਅਧਾਰ 'ਤੇ ਹੀ ਹੁਣ ਪ੍ਰਾਪਤ ਹੋਏ ਨਵੇਂ ਕੇਸਾਂ ਵਿੱਚੋਂ ਯੋਗ ਦਾਅਵੇਦਾਰਾਂ ਦੀ ਪਦ-ਉੱਨਤੀ ਕੀਤੀ ਜਾਣੀ ਹੈ। ਇਸ ਲਈ ਇਸ ਰਿਵਾਈਜ਼ਡ ਇੰਟਰਸੇ ਸੀਨੀਆਰਤਾ ਸੂਚੀ ਨੂੰ ਵਿਭਾਗ ਦੀ ਵੈਬਸਾਈਟ 'ਤੇ ਜਾਰੀ ਕਰਦਿਆਂ ਇਸ ਵਿੱਚ ਦਰਜ ਸਮੂਹ ਕਰਮਚਾਰੀਆਂ ਤੋਂ ਆਪਣੇ ਜਾਂ ਜੂਨੀਅਰਾਂ ਦੇ ਵੇਰਵਿਆਂ ਸਬੰਧੀ ਇਤਰਾਜ਼ ਮੰਗੇ ਜਾਂਦੇ ਹਨ। ਇਸ ਰਿਵਾਈਜ਼ਡ ਇੰਟਰਸੇ ਸੂਚੀ ਵਿਚ ਦਰਜ ਸਾਰੇ ਵੇਰਵੇ ਚੰਗੀ ਤਰ੍ਹਾਂ ਚੈੱਕ ਕਰ ਲਏ ਜਾਣ। ਭਰਤੀ ਦੇ ਬੈਚ ਅਤੇ ਮੈਰਿਟ ਅੰਕ ਵਾਲੇ ਕਾਲਮ ਵਿਸ਼ੇਸ਼ ਤੌਰ 'ਤੇ ਚੈੱਕ ਕੀਤੇ ਜਾਣ। ਇਸ ਸੂਚੀ ਦੇ ਕਾਲਮ 'F' (Date of Appointment as Primary Teacher) ਅਧੀਨ ਕਰਮਚਾਰੀ ਦੇ ਮੁਢਲੇ ਨਿਯੁਕਤੀ ਪੱਤਰ ਦੀ ਅਸਲ ਮਿਤੀ ਹੀ ਦਰਜ ਕੀਤੀ ਜਾਵੇ। ਜੇਕਰ ਇਸ ਸੂਚੀ ਵਿੱਚ ਸਾਲ 2015 ਅਤੇ ਉਸ ਤੋਂ ਬਾਅਦ ਪ੍ਰਾਈਮਰੀ ਕਾਡਰ ਤੋਂ ਮਾਸਟਰ ਕਾਡਰ ਵਿੱਚ ਪਦ ਉੱਨਤ ਹੋਏ ਕਿਸੇ ਵੀ ਕਰਮਚਾਰੀ ਦਾ ਇੰਦਰਾਜ਼ ਹੋਣ ਤੋਂ ਰਹਿ ਗਿਆ ਹੋਵੇ ਤਾਂ ਅਜਿਹੇ ਕਰਮਚਾਰੀ ਵੀ ਆਪਣੇ ਸਾਰੇ ਵੇਰਵੇ ਮੁਕੰਮਲ ਤੌਰ 'ਤੇ ਮਿਤੀ 28.03.2025 ਤੱਕ ਈਮੇਲ ਆਈ.ਡੀ. databackup.promotions2024@gmail.com 'ਤੇ ਭੇਜ ਦੇਣ। ਜਿੰਨਾਂ ਕਰਮਚਾਰੀਆਂ ਦੇ ਵੇਰਵੇ ਇਸ ਇੰਟਰਸੇ ਸੀਨੀਆਰਤਾ ਵਿੱਚ ਦਰਜ ਹਨ, ਉਨਾਂ ਤੋਂ ਇਲਾਵਾ ਹੁਣ ਹੋਰ ਕਿਸੇ ਕਰਮਚਾਰੀ ਦਾ ਕੇਸ ਪ੍ਰਾਪਤ ਨਹੀਂ ਕੀਤਾ ਜਾਵੇਗਾ।**

**ਸਹਾਇਕ ਡਾਇਰੈਕਟਰ (ਪ੍ਰਮੋਸ਼ਨ)**